# 7 ਨਮੂਨੇ

## ਉਦੇਸ਼

- ਸਧਾਰਨ ਆਕ੍ਰਿਤੀਆਂ ਅਤੇ ਸੰਖਿਆਵਾਂ ਵਾਲੇ ਨਮੂਨਿਆਂ ਦੀ ਪਹਿਚਾਣ ਕਰਕੇ ਨਮੂਨਿਆਂ ਨੂੰ ਅੱਗੇ ਵਧਾਉਣਾ।
- ਨਮੂਨਿਆਂ ਦੀ ਸਹਾਇਤਾ ਨਾਲ ਟਾਂਕ ਅਤੇ ਜਿਸਤ ਸੰਖਿਆਵਾਂ ਦੀ ਪਹਿਚਾਣ ਕਰਵਾਉਣਾ ਅਤੇ ਜੋੜ ਸਿਖਾਉਣਾ।
- ਆਪਣੇ ਆਲੇ ਦੁਆਲੇ ਵਿਚੋਂ ਸੰਖਿਆਵਾਂ ਦੇ ਨਮੂਨੇ ਦੀ ਪਹਿਚਾਣ ਕਰਕੇ ਜੋੜ ਅਤੇ ਗੁਣਾ ਦੀ ਸਹਾਇਤਾ ਨਾਲ ਨਮੂਨੇ ਤਿਆਰ ਕਰਨਾ ਸਿਖਾਉਣਾ।
- ਨਮੂਨਿਆਂ ਵਿੱਚ ਰੋਚਕਤਾ ਪੈਦਾ ਕਰਨ ਲਈ ਬੱਚਿਆਂ ਨੂੰ ਗੁਪਤ ਸੰਦੇਸ਼ ਬਣਾਉਣੇ ਸਿਖਾਉਣਾ।

### ਕੀ ਤੁਹਾਨੂੰ ਯਾਦ ਹੈ ?

ਧਿਆਨ ਨਾਲ ਦੇਖੋ ਅਤੇ ਖਾਲੀ ਖਾਨੇ ਭਰੋ :

| | | | | | | | |
|---|---|---|---|---|---|---|---|
| 3 | 6 | 9 | | | | | |

| | | | | | | | |
|---|---|---|---|---|---|---|---|
| 8 | 18 | 28 | | | | | |

| | | | | | | | |
|---|---|---|---|---|---|---|---|
| AB | CD | EF | | | | | |

ਆਓ ਸਿੱਖੀਏ


## ਨਮੂਨਿਆਂ ਦੇ ਚਿੱਤਰ

### ਜਾਣ-ਪਹਿਚਾਣ

ਨਮੂਨਿਆਂ ਦਾ ਅਧਿਐਨ ਬੱਚਿਆਂ ਦੀ ਕਿਸੇ ਸਿੱਟੇ, ਸਧਾਰਨੀਕਰਨ ਅਤੇ ਪੂਰਵ ਅਨੁਮਾਨ ਤੱਕ ਪਹੁੰਚ ਸਕਣ ਵਿੱਚ ਸਹਾਇਤਾ ਕਰਦਾ ਹੈ। ਨਮੂਨਿਆਂ ਦੀ ਸਮਝ ਗਣਿਤਕ ਸਿਖਲਾਈ ਨੂੰ ਵਿਕਸਿਤ ਕਰਕੇ ਬੱਚਿਆਂ ਨੂੰ ਸਮੱਸਿਆਵਾਂ ਸੋਚ ਸਮਝ ਕੇ ਹੱਲ ਕਰਨ ਵਿੱਚ ਸਹਾਇਕ ਹੁੰਦੀ ਹੈ।



ਮੈਂ ਕੁੱਝ ਨਮੂਨਿਆਂ ਦੇ ਚਿੱਤਰ ਬਣਾਏ ਹਨ। ਇਹਨਾਂ ਵਿੱਚ ਕਿਸੇ ਨਿਯਮ ਦੀ ਵਰਤੋਂ ਕੀਤੀ ਗਈ ਹੈ।





ਦੇਖੋ, ਇਸ ਨਮੂਨੇ ਵਿੱਚ ਇੱਕ ਪੈਨਸਿਲ ਤੋਂ ਬਾਅਦ ਦੋ ਕਿਤਾਬਾਂ ਰੱਖੀਆਂ ਗਈਆਂ ਹਨ।





ਇਸ ਨਮੂਨੇ ਵਿੱਚ ਇੱਕ ਬਾਲਟੀ ਤੋਂ ਬਾਅਦ ਇੱਕ ਗਿਲਾਸ ਹੈ। ਇਸ ਤਰਤੀਬ ਨੂੰ ਵਾਰ-2 ਦੁਹਰਾਇਆ ਗਿਆ ਹੈ।

**ਅਧਿਆਪਕ ਸੰਕੇਤ :**


ਇਸੇ ਪ੍ਰਕਾਰ ਅਧਿਆਪਕ ਬੱਚਿਆਂ ਨੂੰ ਆਪਣੀ ਜਮਾਤ ਅਤੇ ਆਲੇ ਦੁਆਲੇ ਤੋਂ ਨਮੂਨਿਆਂ ਦੀਆਂ ਹੋਰ ਉਦਾਹਰਨਾਂ ਜਿਵੇਂ ਖਿੜਕੀਆਂ ਦੀਆਂ ਗਰਿਲਾਂ, ਫਰਸ਼ ਦੀਆਂ ਟਾਈਲਾਂ, ਕੱਪੜੇ ਉੱਪਰ ਬਣੇ ਨਮੂਨਿਆਂ ਆਦਿ ਬਾਰੇ ਦੱਸਦਾ ਹੋਇਆ ਨਮੂਨੇ ਦਾ ਸੰਕਲਪ ਸਮਝਾਏਗਾ।


## ਆਓ ਕਰੀਏ


ਨਮੂਨਿਆਂ ਨੂੰ ਅੱਗੇ ਪੂਰਾ ਕਰੋ :-











ਅੰਗੂਠੇ ਨਾਲ ਸੁੰਦਰ ਨਮੂਨੇ ਬਣਾਓ :-



ਹੇਠਾਂ ਦਿੱਤੇ ਪਹਿਲੇ ਨਮੂਨੇ ਵਾਂਗ ਅਗਲੇ ਨਮੂਨੇ ਬਣਾਓ :-






## ਜਿਸਤ ਅਤੇ ਟਾਂਕ ਸੰਖਿਆਵਾਂ ਦੇ ਨਮੂਨੇ :

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 | 28 | 29 | 30 |
| 91 | 92 | 93 | 94 | 95 | 96 | 97 | 98 | 99 | 100 |

ਉਪਰੋਕਤ ਨਮੂਨੇ ਦੇ ਆਧਾਰ 'ਤੇ ਅਸੀਂ ਦੇਖ ਸਕਦੇ ਹਾਂ ਕਿ ਜਿਨ੍ਹਾਂ ਸੰਖਿਆਵਾਂ ਦੇ ਅੰਤ ਵਿੱਚ 1, 3, 5, 7, 9 ਹੈ, ਉਹ ਟਾਂਕ ਸੰਖਿਆਵਾਂ ਹਨ ਅਤੇ ਜਿਨ੍ਹਾਂ ਸੰਖਿਆਵਾਂ ਦੇ ਅੰਤ ਵਿੱਚ 2, 4, 6, 8, 0 ਆਉਂਦੇ ਹਨ, ਉਹ ਜਿਸਤ ਸੰਖਿਆਵਾਂ ਹਨ ।

ਉਪਰੋਕਤ ਸਾਰਨੀ ਦੇ ਆਧਾਰ 'ਤੇ ਹੇਠ ਲਿਖੀਆਂ ਖਾਲੀ ਥਾਵਾਂ ਪੂਰੀਆਂ ਕਰੋ ।

1 ਤੋਂ 20 ਤੱਕ ਦੀਆਂ ਟਾਂਕ ਸੰਖਿਆਵਾਂ ਲਿਖੋ :

1, 3, 5, 7, --, --, --, --, --, --

21 ਤੋਂ 40 ਤੱਕ ਦੀਆਂ ਜਿਸਤ ਸੰਖਿਆਵਾਂ ਲਿਖੋ :

22, 24, 26, 28, --, --, --, --, --, --

## ਟਾਂਕ ਸੰਖਿਆਵਾਂ ਦਾ ਜੋੜ :-

$1 = 1 = 1 \times 1$

$1+3 = 4 = 2 \times 2$

$1+3+5 = 9 = 3 \times 3$

$1+3+5+7 = 16 = 4 \times 4$

$1+3+5+7+9 = 25 = 5 \times 5$

⋮

ਜਿਸਤ ਸੰਖਿਆਵਾਂ ਦਾ ਜੋੜ :-

| | | | | | | |
|---|---|---|---|---|---|---|
| 2 | = | 2 | = | 1 | × | 2 |
| 2 + 4 | = | 6 | = | 2 | × | 3 |
| 2 + 4 + 6 | = | 12 | = | 3 | × | 4 |
| 2 + 4 + 6 + 8 | = | 20 | = | 4 | × | 5 |
| ⋮ | | ⋮ | | ⋮ | | ⋮ |

ਇਸੇ ਤਰ੍ਹਾਂ ਇਹ ਨਮੂਨੇ ਅੱਗੇ ਵੱਧਦੇ ਜਾਂਦੇ ਹਨ।



ਕੁੱਝ ਨਮੂਨੇ ਇੱਕ ਜੋੜਦੇ,
ਕੁੱਝ ਨਮੂਨੇ ਦੋ।
ਕੁੱਝ ਤਿੰਨ ਚਾਰ ਤੇ ਪੰਜ ਜੋੜਦੇ,
ਕੁੱਝ ਛੇ, ਸੱਤ, ਅੱਠ ਤੇ ਨੌਂ ।
ਕੁੱਝ ਨਮੂਨੇ ਗੁਣਾ ਵੀ ਕਰਦੇ,
ਕੁੱਝ ਕਰਦੇ ਘਟਾਓ।
ਭਾਗ ਵਾਲੇ ਵੀ ਹੁੰਦੇ ਨੇ ਕੁੱਝ,
ਸਮਝੋ ਤੇ ਸਮਝਾਓ ।



## ਆਓ ਕਰੀਏ

1. ਨਮੂਨਿਆਂ ਨੂੰ ਸਮਝਦੇ ਹੋਏ ਅੱਗੇ ਨਮੂਨੇ ਪੂਰੇ ਕਰੋ :

(a) 51 ⁽⁺²⁾ 53 ⁽⁺²⁾ 55 ⁽⁺²⁾ 57 ⁽⁺²⁾ ______ ______

(b) 90 (−2) 88 (−2) 86 (−2) 84 (−2) ______ ______

(c) 61 (+3) 64 (+3) 67 (+3) 70 (+3) ______ ______

2. ਟਾਂਕ ਸੰਖਿਆਵਾਂ ਨੂੰ ਜੋੜਦੇ ਹੋਏ ਅੱਗੇ ਨਮੂਨੇ ਪੂਰੇ ਕਰੋ :-

(a) $1 + 3 + 5 + 7 + 9 + 11 = 6 \times 6$

(b) $1 + 3 + 5 + 7 + 9 + 11 + 13 = 7 \times 7$

(c) $1 + 3 + 5 + 7 + 9 + 11 + 13 + 15 =$ _____

(d) $1 + 3 + 5 + 7 + 9 + 11 + 13 + 15 + 17 =$ _____

3. ਜਿਸਤ ਸੰਖਿਆਵਾਂ ਨੂੰ ਜੋੜਦੇ ਹੋਏ ਨਮੂਨੇ ਪੂਰੇ ਕਰੋ :-


(a) $2 + 4 + 6 + 8 + 10 = 5 \times 6$

(b) $2 + 4 + 6 + 8 + 10 + 12 = 6 \times 7$

(c) $2 + 4 + 6 + 8 + 10 + 12 + 14 =$ _____

(d) $2 + 4 + 6 + 8 + 10 + 12 + 14 + 16 =$ _____


4. ਨਮੂਨਿਆਂ ਨੂੰ ਧਿਆਨ ਨਾਲ ਦੇਖੋ ਅਤੇ ਪੂਰਾ ਕਰੋ :-




## ਗਤੀਵਿਧੀ

### ਸੁਨੇਹਿਆਂ ਦੀ ਲੁਕਣ ਮੀਟੀ

ਹਰਮਨ ਅਤੇ ਅਦਬ ਇੱਕ ਦੂਸਰੇ ਨੂੰ ਲੁਕੇ ਹੋਏ ਸੰਦੇਸ਼ਾਂ ਵਿੱਚ ਕੁੱਝ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ। ਕੀ ਤੁਸੀਂ ਦੱਸ ਸਕਦੇ ਹੋ ?



ਕੁੱਝ ਹੋਰ ਨਮੂਨੇ :–

1W2E3L4 C5O6M7E8

ੳLਅEੲTਸUਹSਕFਖUਗNਘ

ਹੁਣ ਤੁਸੀਂ ਵੀ ਕੁੱਝ ਇਸੇ ਤਰ੍ਹਾਂ ਦੇ ਸੰਦੇਸ਼ ਬਣਾਉਣ ਦੀ ਕੋਸ਼ਿਸ਼ ਕਰੋ :–

..........................................................................................

..........................................................................................

..........................................................................................

**ਅਧਿਆਪਕ ਸੰਕੇਤ :**

ਅਧਿਆਪਕ ਉਪਰੋਕਤ ਗਤੀਵਿਧੀ ਵਿੱਚੋਂ ਬੱਚਿਆਂ ਨੂੰ ਅੰਕ/ਪੰਜਾਬੀ ਦੇ ਅੱਖਰ ਛੱਡ ਕੇ ਅੰਗਰੇਜ਼ੀ ਵਾਲੇ ਅੱਖਰਾਂ ਨੂੰ ਜੋੜ ਕੇ ਵਾਕ ਤਿਆਰ ਕਰਨ ਲਈ ਕਹੇਗਾ ।

## ਅਸੀਂ ਜੋ ਸਿੱਖਿਆ

**ਨਮੂਨੇ**

- ਜਿਸਤ ਅਤੇ ਟਾਂਕ ਸੰਖਿਆਵਾਂ ਦੇ ਨਮੂਨਿਆਂ ਦੀ ਸਮਝ
- ਜੋੜ, ਘਟਾਉ, ਗੁਣਾ ਦੀ ਵਰਤੋਂ ਨਾਲ ਨਮੂਨਿਆਂ ਦੀ ਸਮਝ
- ਨਮੂਨਿਆਂ ਦੀ ਵਰਤੋਂ ਨਾਲ ਗੁਪਤ ਸੰਦੇਸ਼ ਲਿਖਣਾ